ਪੰਜਾਬ ਸਰਕਾਰ
# ਰਾਸਟਰੀ ਸਿਹਤ ਮਿਸ਼ਨ
## ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38- ਬੀ ਚੰਡੀਗੜ, 160036
☎. 0172-4012011, 4012012, **Fax:** 0172-4012013

ਨੰ. ਰ.ਸ.ਮ./ਪੰ./21/ਐਮ.ਐਚ.ਆਰ/76516 ਮਿਤੀ- 08/11/2021

### ਹੁਕਮ

ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਅਧੀਨ ਜਿਲਿਆਂ ਵਿਚ ਤੈਨਾਤ ਕਰਮਚਾਰੀਆਂ ਦੀਆਂ ਸਬੰਧਤ ਸਿਵਲ ਸਰਜਨ/ਸੀਨੀਅਰ ਮੈਡੀਕਲ ਅਫਸਰਾਂ ਵੱਲੋਂ ਆਪਣੇ ਪੱਧਰ ਤੇ ਡੈਪੂਟੇਸ਼ਨ/ਅਡੈਸ਼ਟਮੈਂਟਾਂ ਉਹਨਾਂ ਦੇ ਅਸਲ ਤੈਨਾਤੀ ਸਥਾਨ ਤੋਂ ਬਦਲ ਕੇ ਹੋਰ ਸਟੇਸ਼ਨ ਉਪਰ ਕੀਤੀਆਂ ਜਾ ਰਹੀਆਂ ਹਨ। ਇਸ ਦਫਤਰ ਵੱਲੋਂ ਪਹਿਲਾਂ ਵੀ ਦਫਤਰੀ ਹੁਕਮ ਨੰ 21565-593 ਮਿਤੀ 19.11.2018 ਰਾਂਹੀ ਸਮੂਹ ਸਿਵਲ ਸਰਜਨਾਂ ਨੂੰ ਐਨ.ਐਚ.ਐਮ. ਅਧੀਨ ਕਰਮਚਾਰੀਆਂ ਦੀਆਂ ਡੈਪੂਟੇਸ਼ਨ ਆਪਣੇ ਪੱਧਰ ਤੇ ਨਾ ਲਾਉਣ ਦੀ ਹਦਾਇਤ ਕੀਤੀ ਗਈ ਸੀ, ਪਰ ਜਿਲਿਆਂ ਵੱਲੋਂ ਸਟੇਟ ਦੀਆਂ ਹਦਾਇਤਾ ਦੀ ਅਣਦੇਖੀ ਕੀਤੀ ਜਾ ਰਹੀ ਹੈ।

ਇਸ ਲਈ ਸਿਵਲ ਸਰਜਨਾਂ ਵੱਲੋਂ ਆਪਣੇ ਪੱਧਰ ਤੇ ਬਿਨਾਂ ਇਸ ਦਫਤਰ ਤੋਂ ਪ੍ਰਵਾਨਗੀ ਲਏ ਲਗਾਈਆਂ ਗਈਆਂ ਡੈਪੂਟੇਸ਼ਨ/ਅਡੈਸ਼ਟਮੈਂਟਾਂ ਤੁਰੰਤ ਪ੍ਰਭਾਵ ਤੋਂ ਰੱਦ ਕੀਤੀਆਂ ਜਾਂਦੀਆਂ ਹਨ। ਸਮੂਹ ਸਿਵਲ ਸਰਜਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਰਮਚਾਰੀਆਂ ਦੀ ਤੈਨਾਤੀ ਇਸ ਦਫਤਰ ਵੱਲੋਂ ਅਲ਼ਾਟ ਸਟੇਸ਼ਨ ਉਪਰ ਯਕੀਨੀ ਬਣਾਈ ਜਾਵੇ ਅਤੇ ਐਨ.ਐਚ.ਐਮ. ਮੁੱਖ ਦਫਤਰ ਦੀ ਪ੍ਰਵਾਨਗੀ ਤੋਂ ਬਿਨਾਂ ਆਪਣੇ ਪੱਧਰ ਤੇ ਕਿਸੇ ਵੀ ਕਰਮਚਾਰੀ ਦੀ ਡੈਪੂਟੇਸ਼ਨ/ਅਡੈਸਟਮੈਂਟ ਕਿਸੇ ਹੋਰ ਸਟੇਸ਼ਨ ਤੇ ਨਾ ਕੀਤੀ ਜਾਵੇ।

**ਇਹ ਹੁਕਮ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾ ਰਹੇ ਹਨ।**

**ਕੁਮਾਰ ਰਾਹੁਲ, ਆਈ.ਏ.ਐਸ**
**ਮਿਸ਼ਨ ਡਾਇਰੈਕਟਰ ਐਨ.ਐਚ.ਐਮ.ਪੰਜਾਬ।**

ਨੰ. ਰ.ਸ.ਮ./ਪੰ./21/ਐਮ.ਐਚ.ਆਰ/76517-22 ਮਿਤੀ- 08/11/2021

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪ੍ਰਮੁੱਖ ਸਕੱਤਰ ਸਿਹਤ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਹਾਇਕ ਐਮ.ਡੀ. ਐਨ.ਐਚ.ਐਮ. ਨੂੰ ਮਾਨਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ।
4. ਡਾਇਰੈਕਟਰ ਪਰਿਵਾਰ ਭਲਾਈ ਪੰਜਾਬ।
5. ਡਾਇਰੈਕਟਰ ਆਯੂਰਵੈਦਾ ਅਤੇ ਮੁੱਖੀ ਹੋਮਿਓਪੈਥੀ ਪੰਜਾਬ ਜੀ ਨੂੰ ਜਾਣਕਾਰੀ ਹਿੱਤ।
6. ਸਮੂਹ ਸਿਵਲ ਸਰਜਨ ਪੰਜਾਬ ਨੂੰ ਜਾਣਕਾਰੀ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**